# ਪੁੱਛਣ ਵਾਲੇ ਸਵਾਲ

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਵਾਲਾਂ ਦੇ ਸੰਭਾਵੀ ਜਵਾਬਾਂ ਨੂੰ ਬਿਹਤਰ ਸਮਝਣ ਵਿਚ ਆਪਣੀ ਮਦਦ ਲਈ ਤੁਸੀਂ ਕਿਸੇ ਵਕੀਲ (ਤਰਜੀਹੀ ਤੌਰ ’ਤੇ ਜਿਹੜਾ ਫਰੈਂਚਾਈਜ਼ ਦੇ ਕਾਨੂੰਨ ਵਿਚ ਮੁਹਾਰਤ ਰੱਖਦਾ ਹੋਵੇ) ਨਾਲ ਸਲਾਹ ਕਰੋ।

## ਫਰੈਂਚਾਈਜ਼ਰ ਨੂੰ ਪੁੱਛਣ ਵਾਲੇ ਸਵਾਲ

- ਫਰੈਂਚਾਈਜ਼ਰ ਕਿੰਨੇ ਸਾਲਾਂ ਤੋਂ ਚਲਾ ਰਿਹਾ ਹੈ?
- ਫਰੈਂਚਾਈਜ਼ਰ ਕੋਲ ਕਿੰਨੀਆਂ ਫਰੈਂਚਾਈਜ਼ੀਜ਼ ਹਨ?
- ਫਰੈਂਚਾਈਜ਼ ਦੀ ਮੁੱਢਲੀ ਫੀਸ ਕਿੰਨੀ ਹੈ?
- ਰੌਇਲਟੀ ਫੀਸਾਂ ਕਿੰਨੀਆਂ ਹਨ?
- ਕੀ ਰੌਇਲਟੀ ਫੀਸਾਂ ਵਿਕਰੀ ’ਤੇ ਨਿਰਭਰ ਕਰਦੀਆਂ ਹਨ, ਅਤੇ ਜੇ ਕਰਦੀਆਂ ਹਨ ਤਾਂ ਕੀ ਇਹ ਹਨ ਸ਼ੁੱਧ (ਨੈੱਟ) ਲਾਭ ’ਤੇ ਜਾਂ ਕੁੱਲ (ਗਰੌਸ) ਵਿਕਰੀਆਂ ’ਤੇ?
- ਕੀ ਫਰੈਂਚਾਈਜ਼ਰ ਲੋਨ ਦੀਆਂ ਚੋਣਾਂ ਪ੍ਰਦਾਨ ਕਰਦਾ ਹੈ?
- ਭਵਿੱਖ ਦੇ ਵਿਕਾਸ ਲਈ ਫਰੈਂਚਾਈਜ਼ਰ ਦੀਆਂ ਕੀ ਪਲੈਨਾਂ ਹਨ?
- ਫਰੈਂਚਾਈਜ਼ੀ ਨੂੰ ਕਿਸ ਤਰ੍ਹਾਂ ਦੀ ਟਰੇਨਿੰਗ ਦਿੱਤੀ ਜਾਂਦੀ ਹੈ ਅਤੇ ਕਿੰਨੇ ਸਮੇਂ ਲਈ ਦਿੱਤੀ ਜਾਂਦੀ ਹੈ?
- ਮਸ਼ਹੂਰੀਆਂ ਵਿਚ ਕਿੰਨਾ ਹਿੱਸਾ ਦੇਣਾ ਹੈ? ਕੀ ਫਰੈਂਚਾਈਜ਼ਰ ਇਸ ਨੂੰ ਸਿਰਫ ਐਡਵਰਟਾਈਜ਼ਿੰਗ ਲਈ ਹੀ ਵਰਤ ਸਕਦਾ ਹੈ ਅਤੇ ਕੀ ਫਰੈਂਚਾਈਜ਼ੀਜ਼ ਅਕਾਊਂਟਿੰਗ ਲਈ ਹੱਕਦਾਰ ਹੈ?
- ਕੀ ਫਰੈਂਚਾਈਜ਼ਰ ਸਪਲਾਈਆਂ ’ਤੇ ਛੋਟਾਂ ਆਪਣੇ ਕੋਲ ਰੱਖਦਾ ਹੈ ਜਾਂ ਇਹ ਇਹ ਅਗਾਂਹ ਫਰੈਂਚਾਈਜ਼ੀਜ਼ ਨੂੰ ਦੇ ਦਿੱਤੀਆਂ ਜਾਂਦੀਆਂ ਹਨ?
- ਫਰੈਂਚਾਈਜ਼ ਵਾਲੀ ਥਾਂ ਨੂੰ ਉਸਾਰਨ ਜਾਂ ਡਿਵੈਲਪ ਕਰਨ ਦੇ ਖਰਚੇ ਲਈ ਕੌਣ ਜ਼ਿੰਮੇਵਾਰ ਹੈ?
- ਹੱਦੋਂ ਵਧ ਗਏ ਖਰਚੇ ਕੌਣ ਦਿੰਦਾ ਹੈ?

## ਹੋਰ ਫਰੈਂਚਾਈਜ਼ੀਜ਼ ਨੂੰ ਪੁੱਛਣ ਵਾਲੇ ਸਵਾਲ

- ਉਨ੍ਹਾਂ ਕੋਲ ਫਰੈਂਚਾਈਜ਼ ਕਿੰਨੇ ਸਮੇਂ ਤੋਂ ਹੈ?
- ਉਹ ਫਰੈਂਚਾਈਜ਼ ਬਾਰੇ ਕੀ ਸੋਚਦੇ ਹਨ?
- ਉਹ ਹਰ ਹਫਤੇ ਬਿਜ਼ਨਸ ਵਿਚ ਕਿੰਨਾ ਸਮਾਂ ਲਾਉਂਦੇ ਹਨ?
- ਕੀ ਉਹ ਇਹੋ ਫਰੈਂਚਾਈਜ਼ ਦੁਬਾਰਾ ਖਰੀਦਣਗੇ?
- ਕੀ ਉਹ ਵੇਚਣ ਬਾਰੇ ਸੋਚ ਰਹੇ ਹਨ ਅਤੇ ਜੇ ਸੋਚ ਰਹੇ ਹਨ ਤਾਂ ਕਿਉਂ?

## ਸੁਝਾਅ

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕਿਸੇ ਵੀ ਇਕਰਾਰਨਾਮੇ ਜਾਂ ਐਗਰੀਮੈਂਟ ’ਤੇ ਦਸਖਤ ਕਰਨ ਤੋਂ ਪਹਿਲਾਂ ਤੁਸੀਂ ਸਾਰੇ ਡਾਕੂਮੈਂਟਸ ਬਾਰੇ ਕਿਸੇ ਵਕੀਲ (ਤਰਜੀਹੀ ਤੌਰ ’ਤੇ ਜਿਹੜਾ ਫਰੈਂਚਾਈਜ਼ ਵਿਚ ਮੁਹਾਰਤ ਰੱਖਦਾ ਹੋਵੇ) ਨਾਲ ਵਿਚਾਰ ਕਰੋ।

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਕਿਸੇ ਵੀ ਇਕਰਾਰਨਾਮੇ ਜਾਂ ਐਗਰੀਮੈਂਟ ’ਤੇ ਦਸਖਤ ਕਰਨ ਤੋਂ ਪਹਿਲਾਂ ਤੁਸੀਂ ਕਿਸੇ ਵਿੱਤੀ ਮਾਹਰ ਤੋਂ ਸਲਾਹ ਲਓ।

## ਵਸੀਲੇ

ਕੀ ਤੁਹਾਡੇ ਫਰੈਂਚਾਈਜ਼ਿਸ ਐਕਟ ਬਾਰੇ ਸਵਾਲ ਹਨ? ਅਕਸਰ ਪੁੱਛੇ ਜਾਂਦੇ ਸਵਾਲਾਂ ਅਤੇ ਜਵਾਬਾਂ ਨੂੰ ਵਿਚਾਰੋ।

ਬੀ. ਸੀ. ਵਿਚ ਬਿਜ਼ਨਸ ਸ਼ੁਰੂ ਕਰਨ ਬਾਰੇ ਮਨ ਵਿਚ ਅਜੇ ਵੀ ਸਵਾਲ ਹਨ ਅਤੇ ਹੋਰ ਜਾਣਕਾਰੀ ਲੱਭ ਰਹੇ ਹੋ? – ਅੱਗੇ ਦਿੱਤੇ ਵਸੀਲੇ ਸਹੀ ਸੇਧ ਵਿਚ ਗਾਈਡ ਕਰਨ ਵਿਚ ਤੁਹਾਡੀ ਮਦਦ ਕਰਨਗੇ।

[Punjabi]

*ਭਾਵੇਂ ਕਿ ਇਹ ਪੱਕਾ ਕਰਨ ਲਈ ਹਰ ਕੋਸ਼ਿਸ਼ ਕੀਤੀ ਗਈ ਹੈ ਕਿ ‘ਪੁੱਛੇ ਜਾਣ ਵਾਲੇ ਸਵਾਲਾਂ’ ਵਿਚਲੀ ਜਾਣਕਾਰੀ ਤਾਜ਼ਾ ਅਤੇ ਵਿਆਪਕ ਹੋਵੇ, ਕੋਈ ਫਰੈਂਚਾਈਜ਼ ਐਗਰੀਮੈਂਟ ਕਰਨ ਤੋਂ ਪਹਿਲਾਂ ਫਰੈਂਚਾਈਜ਼ੀ ਦੇ ਤੌਰ ’ਤੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਕਾਨੂੰਨੀ ਫਰਜ਼ਾਂ ਬਾਰੇ ਸਾਰੀ ਜਾਣਕਾਰੀ ਲੈਣ, ਪੜ੍ਹਨ ਅਤੇ ਸਮਝਣ ਦੀ ਜ਼ਿੰਮੇਵਾਰੀ ਤੁਹਾਡੀ ਹੀ ਹੈ।*